*Język pendżabi*

**Informacja dla osób, które otrzymały wezwanie na przesłuchanie w postępowaniu o udzielenie ochrony międzynarodowej**

# ਜਿਨ੍ਹਾਂ ਬੰਦਿਆਂ ਨੂੰ ਅੰਤਰਰਾਸ਼ਟਰੀ ਸੁਰੱਖਿਆ ਮਿਲਣ ਦੀ ਕਾਰਵਾਈ ਦੇ ਦੌਰਾਨ ਪੁੱਛ-ਗਿੱਛ ਹੋਣ ਦਾ ਸੱਮਨ ਮਿਲਿਆ ਹੈ, ਉਨ੍ਹਾਂ ਦੇ ਵਾਸਤੇ ਜਾਣਕਾਰੀ

1. ਨਿਯਮ ਦੇ ਤੌਰ 'ਤੇ ਹਰ ਬੰਦੇ, ਜਿਸ ਨੇ ਅੰਤਰਰਾਸ਼ਟਰੀ ਸੁਰੱਖਿਆ (ਇੰਟਰਨੇਸ਼ਨਲ ਪ੍ਰੋਟੇਕਸ਼ਨ) ਮਿਲਣ ਦਾ ਨਿਵੇਦਨ ਕੀਤਾ ਹੈ (ਜਿਸ ਨੂੰ ਅੱਗੇ ਨਿਵੇਦਨ-ਕਰਤਾ ਦੱਸਿਆ ਜਾਂਦਾ ਹੈ), ਦੇ ਨਾਲ (ਪੁੱਛ-ਗਿੱਛ ਜਿਵੇਂ) ਗੱਲ ਕੀਤੀ ਜਾਂਦੀ ਹੈ। ਉਸ ਦਾ ਕ਼ਾਨੂੰਨੀ ਅਧਾਰ *13 ਜੂਨ 2003 ਮਿਤਿਯੁਕਤ ਪਰਦੇਸਿਆਂ ਨੂੰ ਪੋਲੈਂਡ ਦੇ ਵਿੱਚ ਸੁਰੱਖਿਆ ਮਿਲਣ ਸੰਬੰਧੀ ਐਕਟ* (ਆਰਟ. 43 ਪੈਰੀ 1) ਹੁੰਦਾ ਹੈ। ਉਹ ਪੁੱਛ-ਗਿੱਛ ਪਰਦੇਸਿਆਂ ਸੰਬੰਧੀ ਦਫ਼ਤਰ, ਰਫ਼ਿਊਜੀ ਕਾਰਵਾਈ ਵਿਭਾਗ, ਦੇ ਅਹੁਦੇਦਾਰ ਰਾਹੀਂ ਕੀਤੀ ਜਾਂਦੀ ਹੈ।

2. ਕਾਰਵਾਈ ਦੇ ਦੌਰਾਨ - ਅਜ਼ੀਲ ਵਾਲੀ ਪੁੱਛ-ਗਿੱਛ ਦੇ ਵਿੱਚ ਵੀ - ਨਿਵੇਦਨ-ਕਰਤਾ ਤੋਂ ਸਾਰੀ ਦਿੱਤੀ ਹੋਈ ਜਾਣਕਾਰੀ ਗੁਪਤ ਹੁੰਦੀ ਹੈ ਅਤੇ ਪੋਲਿਸ਼ ਕ਼ਾਨੂੰਨ ਰਾਹੀਂ ਉਸ ਦੀ ਸੁਰੱਖਿਆ ਕੀਤੀ ਜਾਂਦੀ ਹੈ। ਪਰਦੇਸਿਆਂ ਸੰਬੰਧੀ ਦਫ਼ਤਰ ਤੋਂ ਉਹ ਜਾਣਕਾਰੀ ਪਰਦੇਸੀ ਦੇ ਵਤਨ ਦੀ ਸਰਕਾਰ ਜਾਂ ਆਮ ਸੰਸਥਾਵਾਂ ਨੂੰ ਨਹੀਂ ਸੌਂਪੀ ਜਾਂਦੀ ਹੈ। ਉਹ ਮਨਾਹੀ *13 ਜੂਨ 2003 ਮਿਤਿਯੁਕਤ ਪਰਦੇਸਿਆਂ ਨੂੰ ਪੋਲੈਂਡ ਦੇ ਵਿੱਚ ਸੁਰੱਖਿਆ ਮਿਲਣ ਸੰਬੰਧੀ ਐਕਟ* (ਆਰਟ. 9) ਦੇ ਵਿੱਚ ਲਿਖੀ ਹੋਈ ਹੈ। ਅੰਤਰਰਾਸ਼ਟਰੀ ਸੁਰੱਖਿਆ ਮਿਲਣ ਦਾ ਨਿਵੇਦਨ ਕਰਨ ਵਾਲੇ ਪਰਦੇਸਿਆਂ ਨੂੰ ਰਫ਼ਿਊਜੀ ਕਾਰਵਾਈ ਵਿਭਾਗ ਦੇ ਅਹੁਦੇਦਾਰ ਨਾਲ ਗੱਲ ਕਰਦਿਆਂ ਆਪਣੀ ਜਾਣਕਾਰੀ ਸੌਂਪਣ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ ਹੈ।

3. ਨਿਵੇਦਨ-ਕਰਤਾ ਨੂੰ ਸਾਰੀ ਜਾਣਕਾਰੀ, ਜੋ ਅੰਤਰਰਾਸ਼ਟਰੀ ਸੁਰੱਖਿਆ ਮਿਲਣ ਦਾ ਨਿਵੇਦਨ ਵਿਚਾਰਨ ਲਈ ਜ਼ਰੂਰੀ ਹੋ ਸਕਦੀ ਹੈ, ਪੁੱਛ-ਗਿੱਛ ਦੇ ਵਿੱਚ ਦੇਣੀ ਚਾਹੀਦੀ ਹੈ। ਨਿਵੇਦਨ-ਕਰਤਾ ਵਾਸਤੇ ਲਾਭਦਾਇਕ ਹੋਵੇਗਾ ਕਿ ਉਹ ਕੀਤੇ ਹੋਏ ਸਵਾਲਾਂ ਦੇ ਵੇਰਵੇ ਸਹਿਤ ਜਵਾਬ ਦੇ। ਜੇ ਨਿਵੇਦਨ-ਕਰਤਾ ਦੇ ਕੋਲ ਕੋਈ ਪ੍ਰਮਾਣ ਹੋਣਗੇ (ਮਿਸਾਲ ਤੌਰ 'ਤੇ: ਦਸਤਾਵੇਜ਼ਾਂ, ਸਰਟੀਫ਼ਿਕੇਟ, VHS ਕੈਸੇਟ), ਜੋ ਅੰਤਰਰਾਸ਼ਟਰੀ ਸੁਰੱਖਿਆ ਮਿਲਣ ਦੇ ਨਿਵੇਦਨ ਵਿੱਚ ਦਿੱਤੀ ਹੋਈ ਜਾਣਕਾਰੀ ਨੂੰ ਤਸਦੀਕ ਕਰਦੇ ਹਨ, ਤਾਂ ਉਸ ਨੂੰ ਉਹ ਪ੍ਰਮਾਣ ਵੀ ਸੌਂਪਣੇ ਚਾਹੀਦੇ ਹਨ।

4. ਪੁੱਛ-ਗਿੱਛ ਦੇ ਵਿੱਚ ਦਿੱਤੀ ਹੋਈ ਜਾਣਕਾਰੀ ਅਤੇ ਸੌਂਪੇ ਹੋਏ ਪ੍ਰਮਾਣ ਅੰਤਰਰਾਸ਼ਟਰੀ ਸੁਰੱਖਿਆ ਮਿਲਣ ਦਾ ਨਿਵੇਦਨ ਵਿਚਾਰਨ ਲਈ ਬਹੁਤ ਜ਼ਰੂਰੀ ਹਨ। ਫ਼ੈਸਲਾ ਕਰਦਿਆਂ ਉਨ੍ਹਾਂ ਦਾ ਖ਼ਿਆਲ ਪੂਰੀ ਤਰ੍ਹਾਂ ਕੀਤਾ ਜਾਂਦਾ ਹੈ। ਜੇ ਨਿਵੇਦਨ-ਕਰਤਾ ਕੋਈ ਜਾਣਕਾਰੀ ਅਤੇ ਪ੍ਰਮਾਣ ਨਾ ਸੌਂਪੇ ਜਾਂ ਗ਼ਲਤ ਜਾਣਕਾਰੀ ਅਤੇ ਪ੍ਰਮਾਣ ਪੇਸ਼ ਕਰੇ, ਤਾਂ ਇਹ ਕਰਨ ਦਾ ਨਤੀਜਾ ਉਸ ਦੇ ਵਾਸਤੇ ਲਾਭਦਾਇਕ ਨਹੀਂ ਹੋਵੇਗਾ।

5. ਜੇ ਪੁੱਛ-ਗਿੱਛ ਹੋਣ ਤੋਂ ਬਾਅਦ ਮਾਮਲੇ ਦੀਆਂ ਕੁਝ ਨਵੀਆਂ ਮਹੱਤਵਪੂਰਨ ਪਰਿਸਥਿਤੀਆਂ ਜਾਂ ਨਵੇਂ ਪ੍ਰਮਾਣ ਮਿਲਣ, ਤਾਂ ਛੇਤੀ ਤੋਂ ਛੇਤੀ ਰਫ਼ਿਊਜੀ ਕਾਰਵਾਈ ਵਿਭਾਗ ਨੂੰ ਸੰਪਰਕ ਕਰਨ ਦੀ ਜ਼ਰੂਰਤ ਹੈ। ਇਕ ਹੋਰ ਪੁੱਛ-ਗਿੱਛ ਹੋਣ ਦਾ ਨਿਵੇਦਨ ਵੀ ਕੀਤਾ ਜਾ ਸਕਦਾ ਹੈ ਜਾਂ ਮਾਮਲੇ ਦੀ ਗਵਾਹੀ ਦੇਣ ਵਾਲੇ ਬੰਦੇ ਦੀ ਪੁੱਛ-ਗਿੱਛ ਹੋਣ ਦੀ ਲਿਖਿਤ ਪ੍ਰਾਰਥਨਾ ਵੀ ਕੀਤੀ ਜਾ ਸਕਦੀ ਹੈ। ਗਵਾਹੀ ਦੇਣ ਵਾਲੇ ਬੰਦੇ ਦਾ ਪੂਰਾ ਨਾਂ, ਉਸ ਦਾ ਰਹਿਣ ਦਾ ਪਤਾ ਲਿਖਣਾ ਚਾਹੀਦਾ ਹੈ ਅਤੇ ਉਹ ਵੀ ਸਪਸ਼ਟ ਕਰਨਾ ਚਾਹੀਦਾ ਹੈ ਕਿ ਗਵਾਹੀ ਕਿਹੜੀ ਪਰਿਸਥਿਤੀ ਦੀ ਹੋਵੇਗੀ।

ਨਵੀਂ ਜਾਣਕਾਰੀ, ਪ੍ਰਮਾਣ ਅਤੇ ਨਿਵੇਦਨ

- ul. Taborowa 33, 02-699 Warszawa, ਦੇ ਪਤੇ ’ਤੇ ਡਾਕ ਰਾਹੀਂ ਭੇਜੇ ਜਾ ਸਕਦੇ ਹਨ, ਜਾਂ
- 0-22-601-51-23 ਦੇ ਨੰਬਰ ’ਤੇ ਫ਼ੈਕਸ ਕੀਤੇ ਜਾ ਸਕਦੇ ਹਨ, ਜਾਂ
- ਰਫ਼ਿਊਜੀ ਕਾਰਵਾਈ ਵਿਭਾਗ (ul. Taborowa 33, Warszawa) ਖ਼ੁਦ ਆ ਕੇ ਪਤੇ ’ਤੇ ਸੌਂਪੇ ਜਾ ਸਕਦੇ ਹਨ।

6. ਅੰਤਰਰਾਸ਼ਟਰੀ ਸੁਰੱਖਿਆ ਮਿਲਣ ਦਾ ਨਿਵੇਦਨ ਵਿਚਾਰਨ ਤੋਂ ਬਾਅਦ ਫ਼ੈਸਲਾ ਕੀਤਾ ਹੋਵੇਗਾ। ਉਹ ਲਿਖਿਤ ਫ਼ੈਸਲਾ ਹੁੰਦਾ ਹੈ ਅਤੇ ਨਿਵੇਦਨ-ਕਰਤਾ ਨੂੰ ਉਸ ਪਤੇ ’ਤੇ ਭੇਜਿਆ ਜਾਂਦਾ ਹੈ, ਜੋ ਉਸ ਨੇ ਆਪਣੀ ਹੁਣ ਰਹਿਣ ਦੀ ਥਾਂ ਦੱਸੀ। ਨਿਵੇਦਨ-ਕਰਤਾ ਨੂੰ ਉਹ ਫ਼ੈਸਲਾ ਨਿਭਾਉਣਾ ਚਾਹੀਦਾ ਹੈ। ਫ਼ੈਸਲਾ ਨਿਵੇਦਨ-ਕਰਤਾ ਨੂੰ ਸਮਝਣ ਵਾਲੀ ਬੋਲੀ ਵਿੱਚ ਲਿਖਿਆ ਜਾਂਦਾ ਹੈ। ਹਰ ਫ਼ੈਸਲੇ ਦੇ ਵਿੱਚ ਅਜ਼ੀਲ ਵਾਲੀ ਕਾਰਵਾਈ ਦੇ ਨਤੀਜੇ ਦੀ ਜਾਣਕਾਰੀ ਅਤੇ ਜੇ ਨਿਵੇਦਨ-ਕਰਤਾ ਨੂੰ ਫ਼ੈਸਲਾ ਮਨਜ਼ੂਰ ਨਾ ਹੋਵੇ, ਤਾਂ ਅਪੀਲ ਕਰਨ ਦੀ ਜਾਣਕਾਰੀ ਵੀ ਦਿੱਤੀ ਹੈ।